4

# ਯਿਸੂ ਪ੍ਰਮੇਸ਼ਵਰ ਦਾ ਪੁੱਤਰ

ਮਸੀਹੀਅਤ ਦਾ ਅਧਾਰ ਇਹ ਸੱਚਾਈ ਹੈ ਕਿ ਯਿਸੂ ਮਸੀਹ ਪ੍ਰਮੇਸ਼ਵਰ ਦਾ ਪੁੱਤਰ ਹੈ। ਮਸੀਹ ਸਾਡੇ ਧਰਮ ਦਾ ਧੁਰਾ ਹੈ। ਉਹ ਸਾਡੇ ਵਿਸ਼ਵਾਸ ਦੀ ਨੀਂਹ (1 ਕੁਰਿੰਥੀਆਂ 3:11), ਸਾਡੇ ਪ੍ਰਚਾਰ ਦਾ ਵਿਸ਼ਾ (ਰਸੂਲਾਂ ਦੇ ਕੰਮ 8:35; 1 ਕੁਰਿੰਥੀਆਂ 1:23), ਸਾਡੇ ਇਕਰਾਰ ਦੀ ਚੀਜ਼ (ਮੱਤੀ 10:32) ਅਤੇ ਸਾਡੀ ਆਸ ਦੀ ਬੁਨਿਆਦ ਹੈ (1 ਤਿਮੋਥਿਉਸ 1:1)। ਇਸ ਲਈ, ਉਸ ਵਿਚ ਮਜ਼ਬੂਤ ਵਿਸ਼ਵਾਸ ਹੋਣਾ ਜ਼ਰੂਰੀ ਹੈ (ਯੂਹੰਨਾ 8:24)। ਸਾਡੇ ਕੋਲ ਮਸੀਹ ਦੇ ਖ਼ੁਦਾ ਹੋਣ ਤੇ ਵਿਸ਼ਵਾਸ ਕਰਨ ਦੇ ਹਜ਼ਾਰਾਂ ਕਾਰਣ ਹਨ। ਵਿਸ਼ਵਾਸ ਕਰਨ ਲਈ ਦਿੱਤੇ ਐਨੇ ਸਬੂਤਾਂ ਤੋਂ ਇਲਾਵਾ ਪ੍ਰਮੇਸ਼ਵਰ ਨੇ ਸਾਨੂੰ ਹੋਰ ਕੁਝ ਵੀ ਵਿਸ਼ਵਾਸ ਕਰਨ ਲਈ ਨਹੀਂ ਕਿਹਾ ਹੈ (ਯੂਹੰਨਾ 20:31)। ਸਬੂਤ ਵਿਚ ਵਜ਼ਨ ਹੈ ਅਤੇ ਸਦੀਆਂ ਤੋਂ ਲੱਖਾਂ ਲੋਕ ਇਹਨੂੰ ਮੰਨਦੇ ਆ ਰਹੇ ਹਨ। ਇਸ ਪਾਠ ਵਿਚ ਯਿਸੂ ਤੇ ਵਿਸ਼ਵਾਸ ਕਰਨ ਲਈ ਕੁਝ ਕਾਰਣ ਦਿੱਤੇ ਗਏ ਹਨ ਕਿ ਯਿਸੂ ਪ੍ਰਮੇਸ਼ਵਰ ਦਾ ਪੁੱਤਰ ਹੈ। ਇਨ੍ਹਾਂ ਕਾਰਣਾਂ ਨੂੰ ਧਿਆਨ ਨਾਲ ਪਰਖੋ। ਜੇ ਤੁਸੀਂ ਪਹਿਲਾਂ ਹੀ ਵਿਸ਼ਵਾਸ ਵਿਚ ਮਜ਼ਬੂਤ ਹੋ, ਤਾਂ ਚੁੱਪ ਕਰਕੇ ਚੇਲਿਆਂ ਵਾਂਗ ਦੁਆ ਕਰੋ ਕਿ, ''ਹੇ ਪ੍ਰਭੂ ਮੇਰਾ ਵਿਸ਼ਵਾਸ ਵਧਾ।'' ਜੇ ਤੁਹਾਨੂੰ ਸ਼ੱਕ ਹੈ, ਤਾਂ ਮਰਕੁਸ 9:24 ਵਿਚ ਦਿੱਤੀ ਉਸ ਪਿਤਾ ਵਾਲੀ ਦੁਆ ਕਰੋ ਜਿਹਦੇ ਪੁੱਤਰ ਨੂੰ ਦੁਸ਼ਟ ਆਤਮਾ ਨੇ ਜਕੜਿਆ ਹੋਇਆ ਸੀ, ''ਮੈਂ ਪਰਤੀਤ ਕਰਦਾ ਹਾਂ, ਤੁਸੀਂ ਮੇਰੀ ਬੇਪਰਤੀਤੀ ਦਾ ਉਪਾਅ ਕਰੋ।''

## ਕਿਉਂਕਿ ਉਹ ਪੁਰਾਣੇ ਨੇਮ ਦੀ ਭਵਿੱਖਬਾਣੀ ਨੂੰ ਪੂਰਾ ਕਰਦਾ ਹੈ

ਯਿਸੂ ਦੇ ਜਨਮ ਤੋਂ ਸਦੀਆਂ ਪਹਿਲਾਂ ਕੀਤੀਆਂ ਗਈਆਂ ਕੁਝ ਭਵਿੱਖਬਾਣੀਆਂ ਤੇ ਵਿਚਾਰ ਕਰੋ। ਉਹਦੇ ਜਨਮ ਦੀ ਭਵਿੱਖਬਾਣੀ ਕੀਤੀ ਗਈ ਸੀ। ਅਬਰਾਹਾਮ, ਯਹੂਦਾ ਅਤੇ ਦਾਊਦ ਉਹਦੀ ਵੰਸ਼ਾਵਲੀ ਵਿਚ ਆਉਂਦੇ ਸਨ (ਉਤਪਤ 12:3/ਮੱਤੀ 1:2; ਉਤਪਤ 49:10/ਮੱਤੀ 1:2, 6)। ਅਬਰਾਹਾਮ ਦੇ ਵੰਸ਼ ਵਿਚ ਹੋਰ ਕਈ ਲੋਕ ਵੀ ਸਨ ਪਰ ਭਵਿੱਖਬਾਣੀ ਵਿਚ ਖ਼ਾਨਦਾਨ ਦੀ ਖ਼ਾਸ ਅਹਿਮੀਅਤ ਸੀ (ਯਿਰਮਿਯਾਹ 23:5; ਯਸਾਯਾਹ 11:1/ਮੱਤੀ 1:6)। ਕੁਆਰੀ ਤੋਂ ਉਹਦੇ ਜਨਮ ਦੀ ਭਵਿੱਖਬਾਣੀ ਯਸਾਯਾਹ 7:14 ਵਿਚ ਕੀਤੀ ਗਈ ਸੀ ਅਤੇ ਮੱਤੀ 1:18-25 ਵਿਚ ਪੂਰੀ ਹੋਈ। ਬੈਤਲਹਮ ਨੂੰ ਉਹਦੇ ਜਨਮ ਦੇ ਸਥਾਨ ਲਈ ਚੁਣਿਆ ਗਿਆ ਸੀ (ਮੀਕਾ 5:2)। ਇਹ ਵੀ ਭਵਿੱਖਬਾਣੀ ਹੋਈ ਸੀ ਕਿ ਉਹਦੇ ਜਨਮ 'ਤੇ ਬਹੁਤ ਸਾਰੇ ਬੱਚਿਆਂ ਦਾ ਕਤਲ ਹੋਵੇਗਾ (ਯਿਰਮਿਯਾਹ 31:15/ਮੱਤੀ 2:16-18)।

ਨਬੀਆਂ ਨੇ ਉਹਦੇ ਮਿਸਰ ਵਿਚ ਜਾਣ (ਹੋਸ਼ੇਆ 11:1/ਮੱਤੀ 2:13-15), ਗਲੀਲ ਵਿਚ ਉਹਦੀ ਜ਼ਿੰਦਗੀ (ਯਸਾਯਾਹ 9:1, 2/ਮੱਤੀ 4:12-16) ਅਤੇ ਯਰੂਸ਼ਲਮ ਵਿਚ ਉਹਦੇ ਫ਼ਤਹਿਮੰਦ (ਜ਼ਕਰਯਾਹ 9:9/ਮੱਤੀ 21:1-11) ਦਾਖਲੇ ਬਾਰੇ ਪਹਿਲਾਂ ਹੀ ਭਵਿੱਖਬਾਣੀ ਕੀਤੀ ਸੀ। ਨਬੀਆਂ ਨੇ ਕਿਹਾ ਸੀ ਕਿ ਉਹਦੇ ਅੱਗੇ ਆਉਣ ਵਾਲਾ ਉਹਦੇ ਅੱਗੇ-ਅੱਗੇ ਚੱਲੇਗਾ (ਮਲਾਕੀ 3:1; ਯਸਾਯਾਹ 40:3/ਮੱਤੀ 3:1-3)। ਉਨ੍ਹਾਂ ਨੇ ਚੰਗਾਈ ਦੀ ਉਹਦੀ ਸੇਵਕਾਈ (ਯਸਾਯਾਹ 53:4/ਮੱਤੀ 8:16, 17), ਦ੍ਰਿਸ਼ਟਾਂਤਾਂ ਰਾਹੀਂ ਉਹਦੀ ਸਿੱਖਿਆ (ਯਸਾਯਾਹ 6:9, 10/ਮੱਤੀ 13:10-17), ਗ਼ੈਰ ਕੌਮਾਂ ਵਿਚ ਉਹਦੇ ਮਿਸ਼ਨ (ਯਸਾਯਾਹ 42:1-4/ ਮੱਤੀ 12:15-21) ਅਤੇ ਹਾਕਮਾਂ ਵੱਲੋਂ ਉਹਦੇ ਠੁਕਰਾਏ ਜਾਣ ਬਾਰੇ ਦੱਸਿਆ (ਜ਼ਬੂਰ 118:22/ਯੂਹੰਨਾ 1:11)।

ਭਵਿੱਖਬਾਣੀ ਵਿਚ ਯਿਸੂ ਦੀ ਮੌਤ ਦੀ ਤਸਵੀਰ ਬੜੇ ਹੀ ਵਿਸਤਾਰ ਵਿਚ ਵਿਖਾਈ ਗਈ ਸੀ। ਪੁਰਾਣੇ ਨੇਮ ਵਿਚ ਚਾਂਦੀ ਦੇ 30 ਸਿੱਕਿਆਂ ਦੀ ਖ਼ਾਤਰ (ਜ਼ਕਰਯਾਹ 11:12/ਮੱਤੀ 26:14-16) ਇਕ ਮਿੱਤਰ ਦੁਆਰਾ ਉਹਦੇ ਫੜਵਾਏ ਜਾਣ ਦੀ ਤਸਵੀਰ ਵਿਖਾਈ ਗਈ (ਜ਼ਬੂਰ 41:9/ਮੱਤੀ 26:47-50)। ਪੁਰਾਣੇ ਨੇਮ ਵਾਲੀ ਬਾਈਬਲ ਵਿਚ ਪਹਿਲਾਂ ਹੀ ਦੱਸ ਦਿੱਤਾ ਗਿਆ ਸੀ ਕਿ ਉਹਨੇ ਕਿਵੇਂ ਆਪਣੇ ਦੁਸ਼ਮਣਾਂ ਸਾਹਮਣੇ ਆਉਣਾ ਸੀ (ਯਸਾਯਾਹ 53:7/ਮੱਤੀ 27:12,14)। ਕਿਵੇਂ ਉਹਦੀ ਮੌਤ ਹੋਣੀ ਸੀ (ਜ਼ਬੂਰ 22:16/ਮੱਤੀ 27:35), ਅਤੇ ਕਿਵੇਂ ਗੁਣੇ ਪਾ ਕੇ ਉਹਦੇ ਕੱਪੜੇ ਵੰਡੇ ਜਾਣੇ ਸਨ (ਜ਼ਬੂਰ 22:18/ਮੱਤੀ 27:35)। ਮਰਨ ਵੇਲੇ ਬੋਲੇ ਜਾਣ ਵਾਲੇ ਉਹਦੇ ਸ਼ਬਦ (ਜ਼ਬੂਰ 22:1/ਮੱਤੀ 27:46), ਉਹਦੀਆਂ ਹੱਡੀਆਂ ਦੇ ਨਾ ਟੁੱਟਣ (ਜ਼ਬੂਰ 34:20/ਯੂਹੰਨਾ 19:33), ਉਹਦੀ ਪੱਸਲੀ ਦੇ ਵਿੰਨ੍ਹੇ ਜਾਣ (ਜ਼ਕਰਯਾਹ 12:10/ਯੂਹੰਨਾ 19:37), ਉਹਦੇ ਦਫ਼ਨਾਏ ਜਾਣ (ਯਸਾਯਾਹ 53:9/ਮੱਤੀ 27:57-60), ਉਹਦੇ ਜੀ ਉੱਠਣ (ਜ਼ਬੂਰ 16:10/ ਲੂਕਾ 24:1-9; ਰਸੂਲਾਂ ਦੇ ਕੰਮ 2:25-32) ਅਤੇ ਉੱਪਰ ਉਠਾਏ ਜਾਣ (ਜ਼ਬੂਰ 68:18/ਲੂਕਾ 24:50-53) ਦੀ ਵੀ ਭਵਿੱਖਬਾਣੀ ਹੋਈ ਸੀ।

ਨਬੀਆਂ ਲਈ ਇਹ ਕਹਿਣਾ ਤਾਂ ਅਸਾਨ ਸੀ ਕਿ ਇਕ ਮੁਕਤੀਦਾਤਾ ਆਵੇਗਾ। ਪਰ ਜਦ ਉਨ੍ਹਾਂ ਨੇ ਤਿੰਨ ਸੌ ਤੋਂ ਵੀ ਵੱਧ ਅਹਿਮ ਗੱਲਾਂ ਜੋੜ ਦਿੱਤੀਆਂ ਤਾਂ ਉਨ੍ਹਾਂ ਦੇ ਪੱਕੇ ਹੋਣ ਦਾ ਇਕ ਅਜਿਹਾ ਢਾਂਚਾ ਬਣ ਗਿਆ ਜਿਸ ਦਾ ਇਨਕਾਰ ਨਹੀਂ ਕੀਤਾ ਜਾ ਸਕਦਾ।

ਵਿਚਾਰ ਕਰੋ ਕਿ ਇਨ੍ਹਾਂ ਭਵਿੱਖਬਾਣੀਆਂ ਦੇ ਪੂਰਾ ਹੋਣ ਦਾ ਕੀ ਮਤਲਬ ਹੈ। ਮਨੁੱਖ ਦੀ ਦੂਰਦ੍ਰਿਸ਼ਟੀ ਅਤੇ ਬੁੱਧ ਭਵਿੱਖ ਦੀਆਂ ਘਟਨਾਵਾਂ ਵਿਚ ਪੂਰੇ ਯਕੀਨ ਨਾਲ ਚੌਵ੍ਹੀ ਘੰਟੇ ਪਹਿਲਾਂ ਨਹੀਂ ਝਾਕ ਸਕਦੀ। ਸਿਆਸੀ ਪੰਡਿਤ ਦੇਸ਼ ਭਰ ਵਿਚ ਫੈਲੇ ਆਪਣੇ ਨੁਮਾਇੰਦਿਆਂ ਦੇ ਰਾਹੀਂ ਚੋਣਾਂ ਦੇ ਨਤੀਜੇ ਦੀ ਭਵਿੱਖਬਾਣੀ ਕਰ ਸਕਦੇ ਹਨ। ਪਰ ਯਿਸੂ ਬਾਰੇ ਇਹ ਭਵਿੱਖਬਾਣੀਆਂ ਤਾਂ ਅਜਿਹੀਆਂ ਹਨ ਜਿਵੇਂ ਕੋਈ ਪਹਿਲਾਂ ਤੋਂ ਹੀ ਖ਼ਬਰ ਦੇ ਰਿਹਾ ਹੋਵੇ ਕਿ ਅੱਜ ਤੋਂ ਚਾਰ ਸੌ ਸਾਲ ਬਾਅਦ ਰਾਸ਼ਟਰਪਤੀ ਕੌਣ ਹੋਵੇਗਾ, ਉਹਦੇ ਜਨਮ ਦਾ ਥਾਂ, ਉਹਦਾ ਖ਼ਾਨਦਾਨ, ਉਹਦੀ ਸਿੱਖਿਆ, ਉਹਦਾ ਕਾਰਜਕਾਲ ਅਤੇ ਉਹਦੀ ਮੌਤ ਦਾ ਥਾਂ ਅਤੇ ਇਹ ਕਿ ਉਹਦੀ ਮੌਤ ਕਿਵੇਂ ਹੋਵੇਗੀ।

ਸੱਚੀ ਭਵਿੱਖਬਾਣੀ ਪਰਖੀ ਜਾ ਸਕਦੀ ਹੈ, ਕਿਉਂਕਿ ਇਹ ਭਵਿੱਖ ਦੀਆਂ ਘਟਨਾਵਾਂ ਨੂੰ ਪ੍ਰਗਟ ਕਰਦੀ ਹੈ। ਇਸ ਵਿਚ ਉਹ ਗੱਲਾਂ ਹੁੰਦੀਆਂ ਹਨ ਜੋ ਸੰਯੋਗ ਨਾਲ ਹੀ ਪੂਰੀਆਂ ਨਹੀਂ ਹੋ ਸਕਦੀਆਂ। ਭਵਿੱਖਬਾਣੀ ਨੂੰ ਸੱਚ ਤਾਂ ਹੀ ਮੰਨਿਆ ਜਾ ਸਕਦਾ ਹੈ ਜਦ ਉਹਦੀ ਇਤਿਹਾਸਿਕਤਾ ਸਾਬਤ ਹੋ ਜਾਵੇ। ਕੋਈ ਵੀ ਸਬੂਤ, ਲਿਖਤ ਰੂਪ ਵਿਚ ਹੋਵੇ ਜਾਂ ਜ਼ਬਾਨੀ, ਭਵਿੱਖਬਾਣੀ ਦੇ ਪੂਰਾ ਹੋਣ ਨਾਲ ਤਰਕ ਦੀ ਇਸ ਤਾਕਤ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ। ਇਸ ਨਾਲ ਇਕ ਤਾਂ

ਇਹ ਸਾਬਤ ਹੁੰਦਾ ਹੈ ਕਿ ਯਿਸੂ ਸਵਰਗ ਤੋਂ ਆਇਆ ਸੀ ਅਤੇ ਦੂਜਾ ਇਹ ਕਿ ਜਿਨ੍ਹਾਂ ਲੋਕਾਂ ਨੇ ਇਹ ਭਵਿੱਖਬਾਣੀਆਂ ਜਾਂ ਨਬੂਵਤਾਂ ਲਿਖੀਆਂ ਉਨ੍ਹਾਂ ਨੂੰ ਪ੍ਰਮੇਸ਼ਵਰ ਦੀ ਪ੍ਰੇਰਣਾ ਸੀ।

## ਕਿਉਂਕਿ ਪ੍ਰਮੇਸ਼ਵਰ ਹੋਣ ਦੇ ਉਹਦੇ ਦਾਅਵੇ ਉਹਦੇ ਕੰਮਾਂ ਨਾਲ ਮੇਲ ਖਾਂਦੇ ਹਨ

ਯਿਸੂ ਨੇ ਆਪਣੇ ਬਾਰੇ ਕਈ ਠੋਸ ਦਾਅਵੇ ਕੀਤੇ। ਉਸ ਨੇ ਕਿਹਾ ਕਿ ਉਹ ਅਬਰਾਹਾਮ ਤੋਂ ਪਹਿਲਾਂ ਸੀ (ਯੂਹੰਨਾ 8:58), ਇਸ ਸੰਸਾਰ ਦੇ ਬਣਨ ਤੋਂ ਪਹਿਲਾਂ ਉਹ ਪ੍ਰਮੇਸ਼ਵਰ ਦੇ ਨਾਲ ਸੀ (ਯੂਹੰਨਾ 17:5, 24), ਉਹ ਸਵਰਗ ਤੋਂ ਹੇਠਾਂ ਆਇਆ (ਯੂਹੰਨਾ 6:38, 62), ਉਸ ਕੋਲ ਸਵਰਗ ਅਤੇ ਧਰਤੀ ਦਾ ਸਾਰਾ ਇਖ਼ਤਿਆਰ ਹੈ (ਮੱਤੀ 28:18)। ਉਸਦਾ ਦੁਬਾਰਾ (ਜਾਂ ਪੁਨਰ) ਜਨਮ ਨਹੀਂ ਹੋਇਆ ਸੀ ਜੋ ਪਹਿਲਾਂ ਕਦੇ ਧਰਤੀ ਤੇ ਰਿਹਾ ਹੋਵੇ; ਸਗੋਂ ਉਹ ਤਾਂ ਮਨੁੱਖ ਬਣਕੇ ਧਰਤੀ ਤੇ ਆਇਆ ਪ੍ਰਮੇਸ਼ਵਰ ਸੀ (ਯੂਹੰਨਾ 1:1-18)। ਬਹੁਤ ਸਾਰੇ ਲੋਕ ਜੋ ਉਹਦੇ ਪ੍ਰਮੇਸ਼ਵਰ ਹੋਣ ਦਾ ਇਨਕਾਰ ਕਰਦੇ ਹਨ ਉਹਨੂੰ ਸਿਰਫ਼ ਇਕ ''ਭਲਾ'' ਆਦਮੀ ਆਖਦੇ ਹਨ। ਪਰ ਜੇ ਉਹ, ਉਹ ਨਹੀਂ ਸੀ ਜੋ ਹੋਣ ਦਾ ਉਹ ਦਾਅਵਾ ਕਰਦਾ ਸੀ, ਤਾਂ ਉਹ ਇਕ ਝੂਠਾ ਅਤੇ ਫ਼ਰੇਬੀ ਸੀ ਯਾਨੀ ਯਕੀਨਨ ਹੀ ਉਹ ਕੋਈ ''ਭਲਾ'' ਮਾਨਸ ਬਿਲਕੁਲ ਨਹੀਂ ਹੋ ਸਕਦਾ!

ਉਸ ਦੇ ਕੰਮਾਂ ਤੋਂ ਪਤਾ ਲਗਦਾ ਹੈ ਕਿ ਉਹਦੇ ਦਾਅਵੇ ਸੱਚੇ ਸਨ। ਯਿਸੂ ਨੇ ਬਹੁਤ ਸਾਰੇ ਮੋਅਜਜ਼ੇ ਵਿਖਾਏ। ਬਾਈਬਲ ਦੇ ਇਤਿਹਾਸਕਾਰਾਂ ਨੇ ਉਹਦੇ ਮੋਅਜਜ਼ਿਆਂ ਵਾਲੇ ਕੰਮਾਂ ਦੀ ਸਾਖੀ ਦਿੱਤੀ ਹੈ (ਮੱਤੀ 11:4, 5; ਯੂਹੰਨਾ 20:30, 31)। ਇੱਥੋਂ ਤਕ ਕਿ ਦੁਨਿਆਵੀ ਇਤਿਹਾਸਕਾਰਾਂ ਨੇ ਵੀ ਸਾਖੀ ਦਿੱਤੀ ਹੈ ਕਿ ਉਹਨੇ ਮੋਅਜਜ਼ੇ ਕੀਤੇ ਸਨ।

ਉਹਦੇ ਕੰਮ ਉਹਦੀਆਂ ਗੱਲਾਂ ਨੂੰ ਸਾਬਤ ਕਰਦੇ ਸਨ। ਉਹਨੇ ਕਿਹਾ, ''ਜਗਤ ਦਾ ਚਾਨਣ ਮੈਂ ਹਾਂ'' (ਯੂਹੰਨਾ 8:12); ਫਿਰ ਉਹਨੇ ਅੰਨ੍ਹਿਆਂ ਨੂੰ ਸੁਜਾਖੇ ਕੀਤਾ (ਯੂਹੰਨਾ 9:6, 7)। ਉਹਨੇ ਕਿਹਾ, ''ਜੀਉਣ ਦੀ ਰੋਟੀ ਮੈਂ ਹਾਂ'' (ਯੂਹੰਨਾ 6:35), ਅਤੇ ਕੁਝ ਰੋਟੀਆਂ ਅਤੇ ਦੋ ਮੱਛੀਆਂ ਨਾਲ ਪੰਜ ਹਜ਼ਾਰ ਲੋਕਾਂ ਨੂੰ ਰਜਾਇਆ। ਉਹਨੇ ਆਖਿਆ, ''ਜੀ ਉੱਠਣ ਅਤੇ ਜੀਉਣ ਮੈਂ ਹਾਂ'' (ਯੂਹੰਨਾ 11:25); ਫਿਰ ਉਹਨੇ ਲਾਜ਼ਰ ਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਕੀਤਾ (ਯੂਹੰਨਾ 11:43, 44)।

## ਕਿਉਂਕਿ ਉਹ ਜ਼ਿੰਦਗੀ ਭਰ ਪਾਪ ਰਹਿਤ ਰਿਹਾ

ਜੋ ਲੋਕ ਯਿਸੂ ਨੂੰ ਜਾਣਦੇ ਸਨ, ਉਨ੍ਹਾਂ ਦਾ ਦਾਅਵਾ ਸੀ ਕਿ ਉਹਨੇ ਜ਼ਿੰਦਗੀ ਵਿਚ ਕੋਈ ਪਾਪ ਨਹੀਂ ਕੀਤਾ ਸੀ। ਇਨ੍ਹਾਂ ਲੋਕਾਂ ਨੂੰ ਪ੍ਰਮੇਸ਼ਵਰ ਦੇ ਆਤਮਾ ਦੀ ਪ੍ਰੇਰਣਾ ਮਿਲੀ ਸੀ!

> ਕਿਉਂ ਜੋ ਸਾਡਾ ਪਰਧਾਨ ਯਾਜਕ ਇਹੋ ਜਿਹਾ ਨਹੀਂ ਜੋ ਸਾਡੀਆਂ ਦੁਰਬਲਤਾਈਆਂ ਵਿਚ ਸਾਡਾ ਦਰਦੀ ਨਾ ਹੋ ਸਕੇ ਸਗੋਂ ਸਾਰੀਆਂ ਗੱਲਾਂ ਵਿਚ ਸਾਡੇ ਵਾਂਗੂ ਪਰਤਾਇਆ ਗਿਆ ਪਰ ਉਹ ਪਾਪ ਤੋਂ ਰਹਿਤ ਰਿਹਾ (ਇਬਰਾਨੀਆਂ 4:15)।

> ਉਹ ਨੇ ਕੋਈ ਪਾਪ ਨਹੀਂ ਕੀਤਾ, ਨਾ ਉਹਦੇ ਮੂੰਹ ਵਿੱਚੋਂ ਵਲ ਛਲ ਦੀ ਗੱਲ ਨਿੱਕਲੀ (1 ਪਤਰਸ 2:22)।

ਉਹਦੇ ਜੀਵਨ ਦਾ ਅਧਿਐਨ ਕਰਨ ਵਾਲਿਆਂ ਨੇ ਉਹਨੂੰ ਸੱਚ ਮੰਨਿਆ (ਲੂਕਾ 18:18)।

ਐਥੋਂ ਤੀਕ ਕਿ ਉਹਦੇ ਦੁਸ਼ਮਣਾਂ ਨੂੰ ਵੀ, ਜੋ ਉਸ ਵਿਚ ਬੁਰਾਈ ਹੀ ਲੱਭਦੇ ਰਹਿੰਦੇ ਸਨ, ਉਸ ਵਿਚ ਭਲਿਆਈ ਹੀ ਮਿਲਦੀ ਸੀ। ਉਸਨੇ ਬਹੁਤ ਨਿਰਾਲੀ ਗੱਲ ਕੀਤੀ ਕਿਉਂਕਿ ਉਹਨੇ ਉਨ੍ਹਾਂ ਨੂੰ ਇਹ ਪਰਖਣ ਅਤੇ ਵੇਖਣ ਦੀ ਚੁਣੌਤੀ ਦਿੱਤੀ ਕਿ ਉਹ ਉਸ ਵਿਚ ਕੋਈ ਗਲਤੀ ਲੱਭ ਕੇ ਵਿਖਾਉਣ (ਯੂਹੰਨਾ 8:46)।

ਉਹਦੀ ਭਲਿਆਈ ਨੂੰ ਉਹਦੀ ਮੌਤ ਦੇ ਸਮੇਂ ਕਬੂਲਿਆ ਗਿਆ। ਪਿਲਾਤੂਸ ਦੀ ਪਤਨੀ (ਮੱਤੀ 27:19), ਪਿਲਾਤੂਸ (ਮੱਤੀ 27:23), ਹੈਰੋਦੇਸ (ਲੂਕਾ 23:14), ਸਲੀਬ ਤੇ ਚੜ੍ਹੇ ਡਾਕੂ (ਲੂਕਾ 23:41), ਸੂਬੇਦਾਰ (ਮੱਤੀ 27:54) ਅਤੇ ਯਹੂਦਾ (ਮੱਤੀ 27:4) ਦੀਆਂ ਟਿੱਪਣੀਆਂ ਤੇ ਵਿਚਾਰ ਕਰੋ।

## ਉਸਦੇ ਜੀਵਨ ਨਾਲ ਸੰਸਾਰ ਤੇ ਪੈਂਦੇ ਰਹਿਣ ਵਾਲੇ ਪ੍ਰਭਾਵ ਦੇ ਕਾਰਣ

ਬਹੁਤ ਸਾਰੀਆਂ ਯਾਦਗਾਰੀ ਗੱਲਾਂ ਜਿਵੇਂ ਪ੍ਰਭੂ ਦਾ ਦਿਨ (ਪ੍ਰਕਾਸ਼ ਦੀ ਪੋਥੀ 1:10), ਪ੍ਰਭੂ ਭੋਜ (1 ਕੁਰਿੰਥੀਆਂ 11:20-29; ਮੱਤੀ 26:26-28); ਬਪਤਿਸਮਾ (ਰੋਮੀਆਂ 6:3-5) ਅਤੇ ਐਥੋਂ ਤਕ ਕਿ ਸਾਡੇ ਕੈਲੰਡਰ ਦੀ ਤਰੀਕ ਵੀ (ਈਸਵੀ ਪੂਰਵ ਅਤੇ ਈਸਵੀ, ਅਰਥਾਤ ਮਸੀਹ ਤੋਂ ਪਹਿਲਾਂ ਅਤੇ ਮਸੀਹ ਤੋਂ ਬਾਅਦ) ਉਹਦੀ ਜ਼ਿੰਦਗੀ ਨੂੰ ਵਡਿਆਈ ਦਿੰਦੀਆਂ ਹਨ। ਅਜਿਹਾ ਕੋਈ ਨਿਸ਼ਾਨ ਨਾ ਹੋਣ ਤੇ ਵੀ ਜਿਸਨੂੰ ਇਹ ਸੰਸਾਰ ਮਹਾਨ ਮੰਨਦਾ ਹੈ, ਉਹ ਆਮ ਸਹਿਮਤੀ ਨਾਲ ਸੰਸਾਰ ਦਾ ਸਰਵੋਤਮ ਮਨੁੱਖ ਮੰਨਿਆ ਜਾਂਦਾ ਹੈ। ਉਹਦੇ ਕੋਲ ਨਾ ਤਾਂ ਕੋਈ ਵੱਡੀ ਵਿਰਾਸਤ, ਨਾ ਸਕੂਲੀ ਸਿੱਖਿਆ (ਯੂਹੰਨਾ 7:15), ਨਾ ਦੌਲਤ, ਨਾ ਸਿਆਸੀ ਜਾਂ ਫ਼ੌਜੀ ਤਾਕਤ ਅਤੇ ਨਾ ਕੋਈ ਸੂਰਮਤਾਈ ਸੀ; ਪਰ ਫਿਰ ਵੀ ਪਿਛਲੀਆਂ ਵੀਹ ਸਦੀਆਂ ਤੋਂ ਜੋ ਅਸਰ ਉਸਨੇ ਮਨੁੱਖ ਜਾਤੀ ਤੇ ਛੱਡਿਆ ਹੈ ਉਸ ਤੇ ਕਿਸੇ ਨੂੰ ਕੋਈ ਸ਼ੱਕ ਨਹੀਂ ਹੋ ਸਕਦਾ। ਜੇ ਉਹ ਮਨੁੱਖ ਹੀ ਹੁੰਦਾ ਤਾਂ ਭਲਾ ਸੰਸਾਰ ਉਹਦੇ ਵਰਗਾ ਅੱਜ ਤਕ ਕੋਈ ਹੋਰ ਪੈਦਾ ਨਹੀਂ ਕਰ ਸਕਦਾ ਸੀ? ਇਨ੍ਹਾਂ ਦੋ ਹਜ਼ਾਰ ਸਾਲਾਂ ਵਿਚ ਦੁਨੀਆਂ ਨੇ ਬੜੀ ਤਰੱਕੀ ਕੀਤੀ ਹੈ। ਉੱਨਤ ਸਿੱਖਿਆ ਹੋਣ ਤੇ ਵੀ ਸੱਚੀ ਰਹਿਨੁਮਾਈ ਲਈ ਦੁਨੀਆਂ ਦੀ ਭੁੱਖ ਮਿਟੀ ਨਹੀਂ ਹੈ। ਹਰ ਕੋਈ ਯਿਸੂ ਮਸੀਹ ਵੱਲ ਤੱਕ ਸਕਦਾ ਹੈ ਕਿਉਂਕਿ ਉਹੀ ਰਾਹ ਹੈ। ਉਹ ਸਭ ਲੋਕਾਂ ਲਈ ਸਭ ਕੁਝ ਹੈ ਅਤੇ ਰਹੇਗਾ। ‘‘ਉਹਦਾ ਨਾਮ ਇਉਂ ਸੱਦਿਆ ਜਾਵੇਗਾ, ਅਚਰਜ ਸਲਾਹੂ, ਸਰਵ ਸ਼ਕਤੀਮਾਨ ਪ੍ਰਮੇਸ਼ਵਰ, ਅਨਾਦੀ ਪਿਤਾ, ਸ਼ਾਂਤੀ ਦਾ ਰਾਜ ਕੁਮਾਰ’’ (ਯਸਾਯਾਹ 9:6)।

## ਸਾਰ

ਯਕੀਨਨ ਹੀ ਯਿਸੂ ਪ੍ਰਮੇਸ਼ਵਰ ਦਾ ਪੁੱਤਰ ਹੈ। ਇਹ ਵਿਸ਼ਵਾਸ ਕਰਨ ਲਈ ਕਿ ਉਹ ਪ੍ਰਮੇਸ਼ਵਰ ਦਾ ਪੁੱਤਰ ਹੈ ਇਨ੍ਹਾਂ ਨੂੰ ਹੋਰ ਪਰਖੋ। ਵਿਸ਼ਵਾਸ ਕਰੋ ਕਿ ਉਹ ਉਹੀ ਹੈ ਅਤੇ ਉਹਦੇ ਰਾਹੀਂ ਆਪਣਾ ਜੀਵਨ ਪ੍ਰਮੇਸ਼ਵਰ ਨੂੰ ਦੇ ਦਿਓ।

## ਅਧਿਐਨ ਲਈ ਪ੍ਰਸ਼ਨ

*(ਇਸ ਦੇ ਉੱਤਰ ਅੰਤਿਕਾ 1 ਵਿਚ ਦਿੱਤੇ ਗਏ ਹਨ)*

1. ਮਸੀਹੀਅਤ ਦਾ ਅਧਾਰ ਕਿਹੜੀ ਸਚਿਆਈ ਹੈ?
2. ਯਿਸੂ ਦੇ ਜਨਮ, ਜੀਵਨ ਅਤੇ ਮੌਤ ਦੀ ਭਵਿੱਖਬਾਣੀ ਕਾਫ਼ੀ ਵਿਸਤਾਰ ਵਿਚ ਦਿੱਤੀ

ਗਈ ਸੀ। ਕੁਝ ਉਦਾਹਰਣਾਂ ਦਿਓ।

3. ਯਿਸੂ ਨਾਲ ਸਬੰਧਿਤ ਪੂਰੀਆਂ ਹੋਈਆਂ ਭਵਿੱਖਬਾਣੀਆਂ ਤੋਂ ਕੀ ਸਾਬਤ ਹੁੰਦਾ ਹੈ?
4. ਯਿਸੂ ਨੇ ਆਪਣੇ ਬਾਰੇ ਠੋਸ ਅਤੇ ਵਿਲੱਖਣ ਦਾਅਵੇ ਕੀਤੇ। ਉਨ੍ਹਾਂ ਦਾਅਵਿਆਂ ਵਿੱਚੋਂ ਕੁਝ ਗਿਣ ਕੇ ਦੱਸੋ?
5. ਯਿਸੂ ਦੇ ਕੰਮ ਉਹਦੀਆਂ ਗੱਲਾਂ ਨੂੰ ਕਿਵੇਂ ਸਾਬਤ ਕਰਦੇ ਸਨ?
6. ਕੁਝ ਉਦਾਹਰਣਾਂ ਦਿਓ ਕਿ ਯਿਸੂ ਦੀ ਭਲਿਆਈ ਨੂੰ ਕਿਵੇਂ ਕਬੂਲਿਆ ਗਿਆ?
7. ਯਿਸੂ ਦੀ ਜ਼ਿੰਦਗੀ ਕਿਵੇਂ ਸੰਸਾਰ ਨੂੰ ਲਗਾਤਾਰ ਪ੍ਰਭਾਵਤ ਕਰਦੀ ਹੈ?

## ਸ਼ਬਦਾਂ ਦੇ ਅਰਥ

**ਅਸਮਾਨ ਤੇ ਉਠਾਇਆ ਜਾਣਾ**-ਅਸਮਾਨ ਤੇ ਯਿਸੂ ਦਾ ਉਠਾਇਆ ਜਾਣਾ ਉਹ ਘਟਨਾ ਸੀ, ਜਦ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਬਾਅਦ ਯਿਸੂ ਨੂੰ ਪ੍ਰਮੇਸ਼ਵਰ ਦੇ ਨਾਲ ਰਹਿਣ ਲਈ ਵਾਪਸ ਸਵਰਗ ਵਿਚ ਉਠਾ ਲਿਆ ਗਿਆ।

**ਖ਼ੁਦਾਈ**-ਰੱਬੀ; ਪ੍ਰਮੇਸ਼ਵਰ ਦਾ ਸੁਭਾਅ; ਪ੍ਰਮੇਸ਼ਵਰ ਹੋਣਾ।

**ਕੁਲਪੱਤਰੀ**-ਪੂਰਵਜਾਂ ਦੀ ਸੂਚੀ। ਯਿਸੂ ਦੀ ਕੁਲਪੱਤਰੀ (ਮੱਤੀ 1:1-16) ਤੋਂ ਪਤਾ ਚੱਲਦਾ ਹੈ ਕਿ ਉਹ ਉਹੀ ਸੀ ਜਿਸ ਦੇ ਆਉਣ ਦੀ ਭਵਿੱਖਬਾਣੀ ਪ੍ਰਮੇਸ਼ਵਰ ਦੇ ਨਬੀਆਂ ਨੇ ਕੀਤੀ ਸੀ।

**ਪ੍ਰਭੂ ਦਾ ਦਿਨ**-ਨਵੇਂ ਨੇਮ ਦੀ ਕਲੀਸੀਆ ਵੱਲੋਂ ਹਫ਼ਤੇ ਦਾ ਪਹਿਲਾ ਦਿਨ (ਐਤਵਾਰ) ਬੰਦਗੀ ਲਈ ਠਹਿਰਾਇਆ ਗਿਆ ਸੀ (ਰਸੂਲਾਂ ਦੇ ਕੰਮ 20:7)।

**ਪ੍ਰਭੂ ਭੋਜ**-ਯਿਸੂ ਦੁਆਰਾ ਠਹਿਰਾਇਆ ਗਿਆ ਇਕ ਯਾਦਗਾਰੀ ਭੋਜ ਜਿਸ ਵਿਚ ਅਖ਼ਮੀਰੀ ਰੋਟੀ ਖਾਂਦੇ ਅਤੇ ਦਾਖ (ਅੰਗੂਰ) ਦਾ ਰਸ ਪੀਂਦੇ ਹਨ। (ਵੇਖੋ 1 ਕੁਰਿੰਥੀਆਂ 11:20, 23-26।) ਨਵੇਂ ਨੇਮ ਦੀ ਕਲੀਸੀਆ ਹਰ ਹਫ਼ਤੇ ਦੇ ਪਹਿਲੇ ਦਿਨ ਇਹ ਭੋਜ ਲੈਂਦੀ ਹੈ।

**ਜੀ ਉੱਠਣਾ**-ਕਿਸੇ ਮਰੇ ਹੋਏ ਬੰਦੇ ਦਾ ਫੇਰ ਤੋਂ ਜ਼ਿੰਦਾ ਹੋ ਜਾਣਾ। (ਯਿਸੂ ਦਾ) ਜੀ ਉੱਠਣਾ ਇਹ ਸਾਬਤ ਕਰਦਾ ਹੈ ਕਿ ਯਿਸੂ ਨੂੰ ਮੌਤ 'ਤੇ ਇਖ਼ਤਿਆਰ ਹੈ ਅਤੇ ਜੋ ਲੋਕ ਉਹਦੇ ਪਿੱਛੇ ਚੱਲਦੇ ਹਨ ਉਹ ਵੀ ਧਰਤੀ ਤੇ ਆਪਣੀ ਜ਼ਿੰਦਗੀ ਦੇ ਬਾਅਦ ਉਹਦੇ ਨਾਲ ਸਦਾ ਤਕ ਸਵਰਗ ਵਿਚ ਰਹਿਣਗੇ।